Providence HEALTH CARE

How you want to be treated.

Punjabi

ਸਟੱਡੀ ਦਾ ਨਾਂ (Study Title):

______________________________________________

______________________________________________

[ਕਿਰਪਾ ਕਰਕੇ ਅੰਗਰੇਜ਼ੀ ਜਾਣਦੇ ਕਿਸੇ ਵਿਅਕਤੀ ਤੋਂ ਇਸ ਦਾ ਉਲਥਾ ਕਰਵਾਉ]

ਤਾਰੀਕ (Date): ______________________________

ਤੁਹਾਨੂੰ ਇਹ ਪੇਪਰ ਇਸ ਕਰਕੇ ਮਿਲੇ ਹਨ ਕਿਉਂਕਿ **ਅਸੀਂ ਤੁਹਾਨੂੰ ਇਕ ਖੋਜ ਸਟੱਡੀ ਵਿਚ ਹਿੱਸਾ ਲੈਣ ਦਾ ਸੱਦਾ ਦੇ ਰਹੇ ਹਾਂ।**

ਤੁਹਾਨੂੰ ਸੱਦਾ ਦੇਣ ਦਾ ਕਾਰਨ ਨਾਲ ਲੱਗੇ ਪੇਪਰਾਂ ਵਿਚ ਦੱਸਿਆ ਗਿਆ ਹੈ।

ਇਹ ਪੇਪਰ ਤੁਹਾਨੂੰ ਦੱਸਦੇ ਹਨ ਕਿ ਖੋਜ ਸਟੱਡੀ ਕਿਸ ਚੀਜ਼ ਬਾਰੇ ਹੈ। ਪੇਪਰਾਂ ਨੂੰ ਪੜ੍ਹਨ ਦੌਰਾਨ ਜੇ ਤੁਹਾਡੇ ਮਨ ਵਿਚ ਸਟੱਡੀ ਬਾਰੇ ਕੋਈ ਸਵਾਲ ਪੈਦਾ ਹੋਣ ਤਾਂ ਇਨ੍ਹਾਂ ਨੂੰ ਲਿਖ ਲਵੋ।

ਜੇ ਇਹ ਪੇਪਰ ਅੰਗਰੇਜ਼ੀ ਵਿਚ ਹਨ ਤਾਂ ਕਿਰਪਾ ਕਰਕੇ ਅੰਗਰੇਜ਼ੀ ਅਤੇ ਤੁਹਾਡੀ ਬੋਲੀ ਪੜ੍ਹਨ ਵਾਲੇ ਕਿਸੇ ਵਿਅਕਤੀ ਨੂੰ ਕਹੋ ਕਿ ਉਹ ਤੁਹਾਨੂੰ ਪੜ੍ਹ ਕੇ ਸੁਣਾਵੇ ਅਤੇ ਤੁਹਾਡੇ ਨਾਲ ਵਿਚਾਰ ਕਰੇ। ਜੇ ਤੁਸੀਂ ਇਸ ਸਟੱਡੀ ਬਾਰੇ ਹੋਰ ਜਾਣਨ ਵਿਚ ਦਿਲਚਸਪੀ ਰੱਖਦੇ ਹੋਵੋ ਪਰ ਤੁਹਾਡੇ ਕੋਲ ਕੋਈ ਅਜਿਹਾ ਵਿਅਕਤੀ ਨਾ ਹੋਵੇ ਜਿਹੜਾ ਤੁਹਾਡੇ ਲਈ ਪੇਪਰ ਪੜ੍ਹ ਸਕਦਾ ਹੋਵੇ ਤਾਂ ਅਸੀਂ ਇਸ ਦਾ ਪ੍ਰਬੰਧ ਕਰ ਸਕਦੇ ਹਾਂ। ਸਫਾ 2 `ਤੇ, ਇਹ ਹਿਦਾਇਤਾਂ ਦਿੱਤੀਆਂ ਗਈਆਂ ਹਨ ਕਿ ਖੋਜ ਕਰਨ ਵਾਲੇ (ਰੀਸਰਚਰ) ਅਤੇ ਦੋਭਾਸ਼ੀਏ ਨੂੰ ਮਿਲਣ ਲਈ ਅਪੌਇੰਟਮੈਂਟ ਕਿਵੇਂ ਬਣਾਉਣੀ ਹੈ।

ਪੇਪਰਾਂ ਨੂੰ ਵਿਚਾਰ ਲੈਣ ਤੋਂ ਬਾਅਦ, ਕਿਰਪਾ ਕਰਕੇ ਇਸ ਚੀਜ਼ ਬਾਰੇ ਸੋਚੋ ਕਿ ਕੀ ਤੁਸੀਂ ਇਸ ਸਟੱਡੀ ਵਿਚ ਹਿੱਸਾ ਲੈਣਾ ਚਾਹੋਗੇ। **ਜੇ ਤੁਹਾਨੂੰ ਲੱਗਦਾ ਹੋਵੇ ਕਿ ਤੁਸੀਂ ਸ਼ਾਇਦ ਸਟੱਡੀ ਵਿਚ ਹਿੱਸਾ ਲੈਣਾ ਪਸੰਦ ਕਰ ਸਕਦੇ ਹੋ** ਤਾਂ ਅਸੀਂ ਸਟੱਡੀ ਬਾਰੇ ਹੋਰ ਗੱਲਬਾਤ ਕਰਨ ਅਤੇ ਤੁਹਾਡੇ ਸਵਾਲਾਂ ਦੇ ਜਵਾਬ ਦੇਣ ਲਈ ਤੁਹਾਨੂੰ ਮਿਲਾਂਗੇ। ਸਫਾ 2 `ਤੇ ਇਹ ਹਿਦਾਇਤਾਂ ਦਿੱਤੀਆਂ ਗਈਆਂ ਹਨ ਕਿ ਖੋਜ ਕਰਨ ਵਾਲੇ ਨੂੰ ਮਿਲਣ ਲਈ ਅਪੌਇੰਟਮੈਂਟ ਕਿਵੇਂ ਬਣਾਉਣੀ ਹੈ।

ਖੋਜ ਕਰਨ ਵਾਲੇ ਨਾਲ ਗੱਲਬਾਤ ਕਰਨ ਲਈ ਅਸੀਂ ਦੋਭਾਸ਼ੀਏ ਦਾ ਪ੍ਰਬੰਧ ਕਰਾਂਗੇ। ਦੋਭਾਸ਼ੀਆ ਉੱਥੇ ਖੋਜ ਕਰਨ ਵਾਲੇ ਨਾਲ ਸਟੱਡੀ ਬਾਰੇ ਗੱਲ ਕਰਨ ਅਤੇ ਜੇ ਤੁਹਾਡੇ ਮਨ ਵਿਚ ਕੋਈ ਸਵਾਲ ਹੋਣ ਤਾਂ ਉਹ ਖੋਜ ਕਰਨ ਵਾਲੇ ਤੋਂ ਪੁੱਛਣ ਵਿਚ ਤੁਹਾਡੀ ਮਦਦ ਕਰਨ ਲਈ ਹੁੰਦਾ ਹੈ।

You have received these papers because **we are inviting you to take part in a research study**.

The reason you are being invited is described in the attached papers.

These papers tell you what the research study is about. As you review the papers, write down any questions you have about the study.

If these papers are written in English, please have someone who reads both English and your own language read and review the papers with you. If you are interested in learning more about this study but do not have someone who can read the papers for you, we can arrange this. On page 2, there are instructions on how to make an appointment to meet with the researcher and interpreter.

After you have reviewed the papers, please think about whether you would like to take part in this study. **If you think you might like to take part in the study**, we will meet with you to discuss the study further and answer your questions. On page 2, there are instructions on how to make an appointment to meet with the researcher.

We will arrange for an interpreter to be at your meeting with the researcher. The interpreter is there to help you talk to the researcher about the study, and ask the researcher any questions you might have.



In affiliation with: THE UNIVERSITY OF BRITISH COLUMBIA

**Sites:** St. Paul's Hospital | Holy Family Hospital | Mount Saint Joseph Hospital | Youville Residence | Marion Hospice
St. Vincent's: *Brock Fahrni Pavilion, Langara, Honoria Conway - Heather*

**Community Dialysis Clinics:** Sechelt | Richmond | Powell River | Squamish | North Shore | Vancouver

ਖੋਜ ਕਰਨ ਵਾਲੇ ਨਾਲ ਆਪਣੀ ਮੀਟਿੰਗ ਦੇ ਅੰਤ `ਤੇ, **ਜੇ ਤੁਸੀਂ ਸਟੱਡੀ ਵਿਚ ਸ਼ਾਮਲ ਹੋਣ ਦਾ ਫੈਸਲਾ ਕਰਦੇ ਹੋ** ਤਾਂ ਖੋਜ ਕਰਨ ਵਾਲਾ ਤੁਹਾਨੂੰ ਸਟੱਡੀ ਵਿਚ ਸ਼ਾਮਲ ਹੋਣ ਲਈ ਸਹਿਮਤੀ ਫਾਰਮ `ਤੇ ਦਸਤਖਤ ਕਰਨ ਅਤੇ ਤਾਰੀਕ ਪਾਉਣ ਲਈ ਕਹੇਗਾ।

ਜੇ ਤੁਸੀਂ ਇਸ ਸਟੱਡੀ ਵਿਚ ਹਿੱਸਾ ਨਹੀਂ ਲੈਣਾ ਚਾਹੁੰਦੇ ਤਾਂ ਤੁਹਾਡੇ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ। ਸਾਡੀ ਸਟੱਡੀ ਵਿਚ ਸ਼ਾਮਲ ਹੋਣ ਬਾਰੇ ਸੋਚਣ ਲਈ ਤੁਹਾਡਾ ਧੰਨਵਾਦ। ਜੇ ਤੁਹਾਡੇ ਜਾਂ ਤੁਹਾਡੇ ਪਰਿਵਾਰ ਦੇ ਮਨ ਵਿਚ ਸਟੱਡੀ ਬਾਰੇ ਸਵਾਲ ਹੋਣ ਤਾਂ ਕਿਰਪਾ ਕਰਕੇ ਇਸ ਚਿੱਠੀ ਦੇ ਅੰਤ `ਤੇ ਲਿਖੇ ਗਏ ਵਿਅਕਤੀ ਨਾਲ ਸੰਪਰਕ ਕਰੋ।

At the end of your meeting with the researcher, **if you decide to join the study**, the researcher will ask you to sign and date the consent form to join the study.

You do not have to take part in this study if you do not wish to. Thank you for thinking about joining our study. If you or your family have questions about the study, please contact the person listed at the end of this letter.

**ਸਟੱਡੀ ਬਾਰੇ ਗੱਲ ਕਰਨ ਲਈ ਖੋਜ ਕਰਨ ਵਾਲੇ ਨਾਲ ਅਪੌਇੰਟਮੈਂਟ ਬਣਾਉਣਾ (ਖੋਜ ਕਰਨ ਵਾਲੇ ਵਲੋਂ ਭਰਿਆ ਜਾਣਾ ਹੈ)**
**Making an Appointment with the Researcher to Discuss the Study (to be completed by researcher)**

| | | |
|---|---|---|
| ☐ | ਤੁਹਾਡੀ ਬੋਲੀ ਬੋਲਣ ਵਾਲਾ ਕੋਈ ਵਿਅਕਤੀ, ਖੋਜ ਕਰਨ ਵਾਲੇ ਨੂੰ ਮਿਲਣ ਲਈ ਤੁਹਾਡੇ ਲਈ ਅਪੌਇੰਟਮੈਂਟ ਬਣਾਉਣ ਲਈ ਤੁਹਾਨੂੰ ਫੋਨ ਕਰੇਗਾ। | Someone who speaks your language will call you to make an appointment for you to meet with the researcher. |
| ☐ | ਕਿਰਪਾ ਕਰਕੇ ਸਾਨੂੰ ਇਸ ਨੰਬਰ `ਤੇ ਫੋਨ ਕਰੋ ________________________________. | Please call us at ________________________________. |
| | ☐ a) ਤੁਹਾਨੂੰ ਤੁਹਾਡੀ ਬੋਲੀ ਵਿਚ ਰਿਕਾਰਡ ਕੀਤਾ ਹੋਇਆ ਸੁਨੇਹਾ ਮਿਲੇਗਾ। ਕਿਰਪਾ ਕਰਕੇ ਆਪਣੇ ਨਾਂ ਅਤੇ ਸੰਪਰਕ ਕਰਨ ਬਾਰੇ ਜਾਣਕਾਰੀ ਨਾਲ ਸੁਨੇਹਾ ਛੱਡੋ। ਕੋਈ ਜਣਾ ਤੁਹਾਨੂੰ ਵਾਪਸ ਫੋਨ ਕਰੇਗਾ। | a) You will get a recorded message in your language. Please leave a message with your name and contact information. We will have someone call you back. |
| | ☐ b) ਅੱਗੇ ਲਿਖੇ ਦਿਨਾਂ ਅਤੇ ਸਮਿਆਂ `ਤੇ ਫੋਨ ਕਰੋ: ________________________ ਇਨ੍ਹਾਂ ਸਮਿਆਂ `ਤੇ ਸਾਡੇ ਕੋਲ ਫੋਨ `ਤੇ ਗੱਲ ਕਰਨ ਲਈ ਤੁਹਾਡੀ ਬੋਲੀ ਬੋਲਣ ਵਾਲਾ ਕੋਈ ਹੋਵੇਗਾ। | b) Call on the following days and hours: ________________________ We will have someone who speaks your language answering the phone at these times. |
| ☐ | ਅੰਗਰੇਜ਼ੀ ਬੋਲਣ ਵਾਲੇ ਕਿਸੇ ਵਿਅਕਤੀ ਤੋਂ ਸਾਨੂੰ ਫੋਨ ਕਰਵਾਉ ਅਤੇ ਆਪਣੇ ਲਈ ਮੀਟਿੰਗ ਦਾ ਪ੍ਰਬੰਧ ਕਰੋ। | Have someone who speaks English call us and arrange the meeting for you. |

**ਖੋਜ ਸਟੱਡੀ ਲਈ ਸੰਪਰਕ Research Study Contact**

ਨਾਂ (Name): ________________________________

ਐਡਰੈਸ (Address): ________________________________

________________________________

ਫੋਨ (Phone): ________________________________

ਈਮੇਲ (Email): ________________________________